ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

ਪ੍ਰਿੰਸੀਪਲ/(ਸੈਕਸ਼ਨਿੰਗ ਅਥਾਰਟੀ)
ਸਰਕਾਰੀ ਬਹੁਤਕਨੀਕੀ ਕਾਲਜ,
ਰਜਿਸਟਰਾਰ

1. ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ
2. ਡਾ. ਬੀ.ਆਰ.ਅੰਬੇਦਕਰ, ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ
3. ਇੰਡੀਅਨ ਇੰਸਟੀਚਿਊਟ ਆਫ ਟੈਕਨੋਲੋਜੀ, ਰੋਪੜ
4. ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀ: ਐਂਡ ਟੈਕ:, ਲੋਂਗੋਵਾਲ ਸੰਗਰੂਰ
5. ਥਾਪਰ ਯੂਨੀਵਰਸਿਟੀ, ਪਟਿਆਲਾ
6. ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।

ਮੀਮੋ ਨੰ: 108 /ਸਕਾਲਰਸ਼ਿਪ
ਮਿਤੀ: 10/2/2014

ਵਿਸ਼ਾ: **Minutes of the meeting held on 22-01-14 at 12 A.M. under the Chairmanship of Secretary, Welfare regarding launching of Website - Portal-Ashirwad.**

ਇਹ ਦੱਸਿਆ ਜਾਂਦਾ ਹੈ ਕਿ ਭਲਾਈ ਵਿਭਾਗ ਵੱਲੋਂ ਮਿਤੀ 22.01.14 ਨੂੰ ਸਕੱਤਰ ਪੰਜਾਬ ਸਰਕਾਰ, ਭਲਾਈ ਵਿਭਾਗ ਜੀ ਨਾਲ ਵੈਬ ਪੋਰਟਲ ASHIRWAD ਲਾਂਚ ਕਰਨ ਸਬੰਧੀ ਹੋਈ ਮੀਟਿੰਗ ਦੇ ਪ੍ਰਾਪਤ ਹੋਏ Minutes ਦੇ ਆਧਾਰ ਤੇ ਹਦਾਇਤ ਕੀਤੀ ਜਾਂਦੀ ਹੈ ਕਿ ਸੈਸ਼ਨ 2014-15 ਵਿੱਚ ਦਾਖਲ ਹੋਣ ਵਾਲੇ ਐਸ.ਸੀ/ਓ.ਬੀ.ਸੀ. ਵਿਦਿਆਰਥੀਆਂ ਦੇ ਸਕਾਲਰਸ਼ਿਪ ਦੇ ਕਲੇਮ ਵੈਬ ਪੋਰਟਲ ਤੇ ਭੇਜਣ ਤੋਂ ਪਹਿਲਾਂ ਭਲਾਈ ਵਿਭਾਗ ਦੀਆਂ ਹੋਰਨਾ ਹਦਾਇਤਾਂ ਦੇ ਨਾਲ-2 ਹਰ ਇੱਕ ਵਿਦਿਆਰਥੀ ਦਾ UID ਬਣਾ ਕੇ ਭੇਜਣਾ ਵੀ ਯਕੀਨੀ ਬਣਾਇਆ ਜਾਵੇ। ਕਿਸੇ ਵੀ ਵਿਦਿਆਰਥੀ ਦਾ ਕਲੇਮ ਉਸ ਦੇ UID ਤੋਂ ਬਿਨਾਂ ਪ੍ਰਵਾਨ ਨਹੀਂ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਜਿਨ੍ਹਾਂ ਕਲੇਮਾਂ ਦੀਆਂ ਮੈਨੂਅਲ ਪ੍ਰਤੀਬੇਨਤੀਆਂ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਕੇਸਾਂ ਵਿੱਚ ਵੀ ਬਿਲਕੁਲ ਉਹੀ ਕਾਰਜ-ਵਿਧੀ ਅਪਣਾਈ ਜਾਵੇ, ਜਿਹੜੀ ਕਿ ਵੈਬ ਪੋਰਟਲ ਤੇ ਆਨਲਾਈਨ ਅਪਲਾਈ ਕਰਨ ਲਈ ਅਪਣਾਈ ਜਾਂਦੀ ਹੈ। ਜਿਵੇਂ ਕਿ ਲਾਭਪਾਤਰੀ ਵਿਦਿਆਰਥੀ ਸਬੰਧਤ ਕਾਲਜ ਨੂੰ ਅਪਲਾਈ ਕਰੇਗਾ, ਕਾਲਜ ਆਪਣੀ ਸੈਕਸ਼ਨਿੰਗ ਅਥਾਰਟੀ ਨੂੰ ਕੇਸ ਪ੍ਰਵਾਨਗੀ ਲਈ ਭੇਜੇਗਾ ਅਤੇ ਇਸ ਉਪਰੰਤ ਸੈਕਸ਼ਨਿੰਗ ਅਥਾਰਟੀ ਲਾਈਨ ਵਿਭਾਗ ਨੂੰ ਕੇਸ ਪ੍ਰਵਾਨਗੀ ਲਈ ਭੇਜੇਗਾ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: /ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਐਸ.ਸੀ.ਓ ਨੰ: 128-29 ਸੈਕਟਰ 34-ਏ, ਚੰਡੀਗੜ੍ਹ ਨੂੰ ਮਿਤੀ 22.01.14 ਨੂੰ ਹੋਈ ਮੀਟਿੰਗ ਦੇ ਹਵਾਲੇ ਵਿੱਚ।
2. ਪ੍ਰੋਗਰਾਮਰ, ਮੁੱਖ ਦਫ਼ਤਰ ਨੂੰ ਪੱਤਰ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਲਈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।